ਟ੍ਰੈਕਟ ਨੰ ੧੦੯

ਰਤੇ ਸੇਈ ਜਿ ਮੁਖ ਨ ਮੋੜੰਨ

ਸਤਿ ਸ੍ਰੀ ਅਕਾਲ

੧ਓ ੧ਓ

ਸਾਰਾ ਗੜ੍ਹੀ ਦਾ ਜੁਧ

ਜਿਸਨੂੰ

ਖਾਲਸਾ ਟ੍ਰੈਕਟ ਸੋਸਾਇਟੀ, ਅੰਮ੍ਰਿਤਸਰ

ਨੇ

[ਰਜਿਸਟਰਡ ਮੁਤਾਬਕ ਐਕਟ ੨੧ ਸੰ: ੧੮੬੦]

ਵਜ਼ੀਰ ਹਿੰਦ ਪ੍ਰੈਸ ਅੰਮ੍ਰਿਤਸਰ ਵਿਚ
ਭਾਈ ਵਜ਼ੀਰਸਿੰਘ ਮੈਨੇਜਰ ਦੇ ਯਤਨ
ਨਾਲ ਛਪਵਾਇਆ ॥

ਤੀਜੀ ਵੇਰ ੧੦੦੦ ਭੇਟਾ)॥

ੴ ਸਤਿਗੁਰਪ੍ਰਸਾਦਿ ॥

ਖਾਲਸਾ ਜੀ ਅਜ ਆਪਦੇ ਸਾਮਨੇ ਓਹਦਰਦ
ਨਾਕ ਕਿਸਾ ਖੋਲਕੇ ਰਖਦੇ ਹਾਂ ਕਿ ਜਿਸਨੇ ਸਾਡੀ
ਕੌਮ ਦੀ ਸਾਰੀ ਤਵਾਰੀਖ ਨੂੰ ਜਿੰਦ ਪਾ ਦਿਤੀ ਹੈ
। ਜਦ ਕਿਸੇ ਸਿਖ ਨੂੰ ਕਹੋ ਕਿ ਚਾਲੀ ਸਿਖਾਂ ਨੇ
ਹਜ਼ਾਰਾਂ ਦੇ ਮੂੰਹ ਭੰਨੇ ਸਨ ਤਾਂ ਅੰਗ੍ਰੇਜ਼ੀ ਵਿਦ੍ਯਾ
ਦੀ ਰੌਸ਼ਨੀ ਦੇ ਚੁੰਧਜਾਏ ਅਰ ਬੇਹਦ ਕੁਦਰਤੀ
ਕਾਨੂੰਨ ਦੀ ਹਦ ਬੰਨ੍ਹਣ ਵਾਲਿਆਂ ਦੇ ਉਪਦੇਸ਼ਾਂ
ਦੇਸੁਲਗਾਏ ਅਰ ਮਾਮੂਲੀ ਤੋਂ ਵਧੀਕ ਗਲ ਨੂੰ
ਕਰਾਮਾਤ ਕਹਕੇ ਨਕ ਚਾੜ੍ਹਨੇ ਵਾਲੇ ਲੋਕ 'ਗਪ'
ਕਹਕੇ ਮੂੰਹ ਮੋੜ ਲੈਂਦੇ ਹਨ। ਪਰ ਓੜਕ ਨੂੰ
ਸਚ ਸਚ ਹੀ ਹੈ। ਖਾਲਸੇ ਦੀ ਇਸ ਬਹਾਦਰੀ
ਨੇ ਦੁਨੀਆਂ ਵਿਚ ਰੌਸ਼ਨ ਕਰ ਦਿਤਾਹੈ ਕਿ ਸਾਡੇ
ਨਾਲ ਦਾ ਜੰਗਜੂ ਕੋਈ ਨਹੀ।

ਅਜਕਲ ਸਮਾ ਐਸਾ ਆਗਿਆ ਹੈ, ਕਿ ਜੇ

ਕਿਸੇ ਨੂੰ ਕਹੀਏ ਕਿ ਫਲਾਨੀ ਗਲ ਫਲਾਨੀ ਤਰਾਂ ਹੁੰਦੀ ਹੈ, ਤਾਂ ਉਸਦਾ ਸਿਰ ਹੈਰਾਨੀ ਦੇ ਝੋਲੇ ਨਾਲ ਹਿਲਦਾ ਹੈ ਅਰ ਮੂੰਹ ਤੋਂ ਨਨੇ ਦੀ ਮੁਹਾਰਨੀ ਹੀ ਬੋਲਦਾ ਹੈ। ਪਰ ਜੇ ਕਹ ਦ-ਈਏ ਕਿ ਫਲਾਨੇ ਅੰਗ੍ਰੇਜ਼ ਨੇ ਲਿਖਿਆ ਹੈ, ਤਦ ਝਟ ਕਹ ਦਿੰਦਾ ਹੈ ਸਚ ਹੈ, ਠੀਕ ਹੈ, ਇਹ ਦ-ਰੁਸਤ ਹੈ। ਅਸਲ ਗਲ ਦੇ ਸਚ ਝੂਠ ਨੂੰ ਕੋਈ ਨਹੀਂ ਪਰਖਦਾ, ਅੰਗ੍ਰੇਜ਼ ਦੀ ਉਗਾਹੀ ਨੂੰ ਟੋਲਦਾ ਹੈ। ਇਸ ਲਈ ਅਸੀਂ ਇਥੇ ਦਸਣਾ ਚਾਹੁੰਦੇ ਹਾਂ ਕਿ ਇਸ ਜੁਧ ਨੇ ਨਾ ਕੇਵਲ ਅੰਗ੍ਰੇਜ਼ਾਂ ਬਲਕੇ ਦੂਸਰੇ ਯੂਰਪੀਨਾਂ ਦੇ ਜੀਆਂ ਵਿਚ ਸਿਖਾਂ ਦੀ ਬ ਹਾਦਰੀ ਦਾ ਲੋਹਾ ਮਨਾ ਦਿਤਾਹੈ। ਇਕ ਅੰਗ੍ਰੇਜ਼ ਬਹਾਦਰ ਲਿਖਦੇ ਹਨ ਕਿ ਸਾਨੂੰ ਇਸ ਜੰਗ ਦੀ ਨਜੀਰ ਤਵਾਰੀਖ ਤੋਂ ਤਾਂ ਮਿਲਨੀ ਕਿਤੇ ਰਹੀ, ਕਿੱਸੇ ਕਹਾਣੀਆਂ ਵਿਚੋਂ ਬੀ ਨਹੀਂ ਲਭਦੀ। ਕੈਸੀ ਅਚਰਜ ਬਾਤ ਹੈ ਕਿ ਕਵੀਸਰਾਂ ਦੇਦਮਾਗ਼ੀ ਜੰਗਾਂ ਨਾਲੋਂ ਜਿਨ੍ਹਾਂ ਵਿਚ ਓਹ ਲੋਕ ਇਕ ਆ-ਦਮੀ ਪਾਸੋਂ ਕਲਮ ਦੇ ਬਲ ਨਾਲ ਹਜ਼ਾਰਾਂ ਨੂੰ ਵਢਾ ਸਿਟਦੇ ਹਨ, ਇਹ ਕੋਈ ਵਧਕੇ ਕਹਾਣੀ ਮੁਕਾਬਲਾ ਨਹੀਂ ਖਾਂਦੀ ਖਾਲਸੇ ਨੇ ਪ੍ਰਤੱਖ ਜੌਹਰ ਦਿਖਾਲੇ ਅਰ ਸਾਰੀ ਮੁਹੱਜ਼ਬ ਦੁਨੀਆਂ ਵਿਚ

ਅਪਨੇ ਨਾਮ ਦਾ ਡੰਕਾ ਬਜਾਇਆ। ਵਲੈਤ ਵਿਚ ਅਨੇਕਾਂ ਵਿਦਵਾਨਾਂਨੇ ਇਨ੍ਹਾਂ ਸਿੰਘਾਂ ਦੀ ਸੂਰਬੀਰਤਾ ਪੁਰ ਛੰਦਬੰਦ ਰਚਕੇ ਅਖਬਾਰਾਂ ਵਿਚ ਛਪਾਏ ਅਰ ਬਹੁਤ ਸਾਰਾ ਚੰਦਾ ਕਠਾ ਕੀਤਾ ਗਿਆ ॥

ਇਥੇ ਅਸੀ ਉਨ੍ਹਾਂਦੀ ਜਿੰਦ ਵਾਰਵੀਂ ਲੜਾਈ ਦਾ ਸਮਾਚਾਰ ਥੋੜਾ ਜੇਹਾ ਲਿਖਦੇ ਹਾਂ।

ਕਿਲੇ ਲਾਕਹਾਰਟ ਤੋਂ ਡੇਢ ਕੁ ਮੀਲ ਪਰੇ ਸਾਰਾਗੜੀ ਨਾਮੇ ਇਕ ਜਗਾ ਜੰਗੀ ਚੌਂਕੀ ਦੇ ਢੰਗ ਪੁਰ ਸੀ। ਜੋ ਕਿਲਾ ਨਹੀ ਕਹਾ ਸਕਦੀ ਅਰ ਨਾ ਜੰਗ ਦੇ ਵੇਲੇ ਕੰਮ ਆਉਣੇ ਵਾਲੀ ਚੀਜ਼ ਇਕ ਸਰਾਂ ਦੀ ਤਰਾਂ ਮਜ਼ਬੂਤ ਜਗਾ ਸੀ ਬਾਰਾਂ ਸਤੰਬਰ ੧੮੯੭ ਐਤਵਾਰ ਦਾ ਜ਼ਿਕਰ ਹੈ ਕਿ ੨੧ ਸਿੰਘਾਂ ਦਾ ਇਸ ਵਿਚ ਡੇਰਾ ਸੀ। ਏਹ ਸਿੰਘ ੩੬ ਨੰਬਰ ਪਲਟਨ ਦੇ ਸਨ। ਜਿਸ ਫੌਜ ਨੇ ਅਜਤਕ ਕਦੇ ਜੰਗਨਹੀਂ ਕੀਤਾਸੀ ਪਰ ਪਾਇਓਨੀਅਰਦੀ ਇਕ ਛੰਦ ਵਿਚ ਲਿਖਿਆ ਹੈ ਕਿ ਕੀ ਹੋਇਆ ਇਨਹਾਂ ਜੰਗ ਕਦੀ ਨਾ ਕੀਤਾ ਸੀ ਇਹ ਬਹਾਦਰ ਦੇ ਪੰਥ ਵਿਚੋਂ ਸਨ। ਉਸ ਬਹਾਦਰ ਦੀ ਉਲਾਦ ਜਿਨ ਕਦੇ ਹਾਰ ਨਹੀਂ ਮੰਨੀ ਅਰ ਜਿਸ ਦੀ ਉਲਾਦ ਨੇ ਸ਼ਸਤ੍ਰਨਹੀਂ ਸਿਟੇ,ਛਲ ਵਿਚਭਾਂਵੇ ਫਸੇ ਹੋਣ,ਪਰ ਬਲ ਦੇ ਅਗੇ ਕਦੇ ਨਹੀਂ ਡਿਗੇ।

ਇਸ ਨਾਉ ਧਰੀਕ ਕਿਲੇ ਪੁਰ ਪਠਾਨਾਂ ਦੇ ਹਜ਼ਾਰਹਾ ਜੁਆਨਾਂ ਦਾ ਜੋ ਸ਼ਸਤ੍ਰ ਧਾਰੀ (ਸਨਧ ਬਧ) ਸਨ ਹਲਾ ਆ ਹੋਇਆ, ਅਰਉਨ੍ਹਾਂਨੇਇਹ ਠਾਨੀ ਕਿ ਕਿਵੇਂ ਇਸਨੂੰ ਫਤੇ ਕਰ ਲਵੀਏ। ਪਰ ਖਾਲਸਾ ਵੰਙਾ ਪਹਨੀ ਨਹੀਂ ਬੈਠਾ ਸੀ, ਅਰ ਨਾ ਗੁਰੂ ਗੋਬਿੰਦਸਿੰਘ ਜੀ ਦੇ ਸੂਰਿਆਂ ਦੇ ਹ੍ਰਿਦੇ ਹਜ਼ਾਰਾਂ ਨੂੰ ਦੇਖਕੇ ਘਾਬਰੇ। ਜਿਉਂ ੨ ਵਧ ਵੈਰੀ ਆਉਨ ਅਰ ਛਿਥੇ ਹੋ ਹੋ ਹੱਲੇ ਕਰਨ, ਤਿਵੇਂ ੨ ਬਬਰ ਸ਼ੇਰ ਵਾਙ ਖ਼ਾਲਸੇ ਨੂੰ ਰੋਹ ਚੜ੍ਹਦਾ ਜਾਵੇ। ਭਾਵੇਂ ਹਜ਼ਾਰਾਂ ਪਠਾਣਾਂ ਨੇ ਬੜੇ ਹੌਸਲੇ ਸ਼ੋਰ ਤੇ ਸ਼ਸਤ੍ਰਾਂ ਦੀ ਮਦਦ ਨਾਲ ਹੱਲੇ ਕੀਤੇ ਅਰ ਕਚੀ-ਚੀਆਂ ਵਟ ਵਟ ਕੇ ਉਲਰ ਉੱਲਰ ਪਏ, ਪਰ ਉਨ੍ਹਾਂ ੨੧ ਬਹਾਦਰਾਂ ਨੇ ਇਕ ਪੇਸ਼ ਨਾ ਜਾਣ ਦਿਤੀ। ਗੜ੍ਹੀ ਦੀਆਂ ਕੰਧਾਂ ਅਰ ਦਰਵਾਜ਼ੇ ਦੀ ਐਸੀ ਦ੍ਰਿੜਤਾ ਨਾਲ ਰਾਖੀ ਕੀਤੀ ਕਿ ਵੈਰੀਆਂ ਨੂੰ ਹੀ ਰੋਕੀ ਰਖਿਆ ਗੋਲੀਆਂ ਜ਼੍ਵਾਬ ਓਹ ਮੂੰਹ ਭਜਵੇਂ ਦਿਤੇ ਕਿ ਵੈਰੀਆਂ ਨੂੰ ਬੇਹਦ ਅਪਣੇ ਫੌਜੀ ਮਰਵਾ ਕੇ ਘਾਇਲ ਕਰਵਾਕੇ ਪਿਛੇ ਮੁੜਨਾ ਪਿਆ। ਜਿੰਨੀ ਵੇਰ ਉਨ੍ਹਾਂ ਨੇ ਹਲਾ ਕੀਤਾ ਓਨੀ ਵੇਰ ਉਨ੍ਹਾਂ ਮੂੰਹਦੀ ਖਾਧੀ ਤੇ ਜਾਨਾਂ ਦਾ ਨੁਕਸਾਨ ਵੀ ਬਾਹਲੇ ਤੋਂ ਬਾਹਲਾ ਹੋਇਆ।

ਖ਼ਾਲਸੇ ਦੀਆਂ ਗੋਲੀਆਂ ਦੀ ਬੁਛੜ ਸਾਵਨ ਦੇ ਮੀਂ ਵਾਂਙੂ ਵਸਦੀ ਤੇ ਉਨ੍ਹਾਂ ਦੇ ਸਰੀਰਾਂ ਨੂੰ ਵਾਹਣ ਦੀਆਂ ਢੀਮਾਂ ਵਾਂਗ ਲਿਟਾ ਤੇ ਗਾਲ ਰਹੀ ਸੀ। ਲਿਖਿਆ ਹੈ ਕਿ ਵੈਰੀਆਂ ਵਿਚ (ਸਿਖਾਂ ਦੀ ਕਤ-ਲ) ਖੌਫਨਾਕ ਦਸਾ ਨੂੰ ਪਹੁੰਚਾ ਰਹੀ ਸੀ। ਕਈ ਘੰਟਿਆਂ ਤੀਕ ਤੁਰਕਾਂ ਦੇ ਕਰੜੇ ਤੋਂ ਕਰੜੇ ਹੱਲਿਆਂ ਦੀ ਰੋਕ ਖ਼ਾਲਸੇ ਨੇ ਬੜੀ ਜਵਾਂਮਰਦੀ ਨਾਲ ਕੀਤੀ ਪਰ ਵੈਰੀਆਂ ਨੇ ਬੀ ਅਪਨੇ ਨੁਕ-ਸਾਨ ਤੇ ਘਾਟੇ ਦੀ ਪਰਵਾਹ ਨਾ ਕਰਕੇ ਮੁੜ ੨ ਹੱਲਾ ਕਰਨੋਂ ਬਸ ਨਾ ਕੀਤੀ ॥

ਇਸ ਵੇਲੇ ਲਾਕਹਾਹਟ ਦੇ ਕਿਲੇ ਪੁਰੋਂ ਸ਼ੀਸ਼ੇ ਦੇ ਆਸਰੇ ਸਿਪਾਹੀ ਅਪਨੇ ਭਰਾਵਾਂ ਦੀ ਦਿਲ ਕੰਬਾ ਦੇਣ ਵਾਲੀ ਬਹਾਦਰੀ ਨੂੰ ਦੇਖ ਰਹੇ ਸੀ, ਅਰ ਜੋਸ਼ ਰਗ ਰਗ ਵਿਚ ਉਛਲ ਰਹੇ ਸੀ।ਪਰ ਕੀ ਕਰਦੇ ਓਹ ਇੰਨੇ ਥੋੜੇ ਸਨ ਕਿ ਜੇ ਮਦਦ ਨੂੰ ਨਿਕਲਦੇ ਤਦ ਸਭ ਕਤਲ ਹੁੰਦੇ, ਕਿ ਵੈਰੀਆਂ ਦੀ ਗਿਣਤੀ ਕਈ ਹਜ਼ਾਰ ਸੀ ਅਰ ਸਭ ਸ਼ਸਤ੍ਰ ਧਾਰੀ ਸਨ। ਪਰ ਫਿਰ ਭੀ ਜੋਸ਼ ਭਰੇ ਦਿਲਾਂ ਨੂੰ ਭਰਾਵਾਂ ਦੀ ਇਸ ਦਸ਼ਾ ਨੇ ਕਿਲੇ ਵਿਚ ਨਹੀਂ ਟਿਕਣ ਦਿਤਾ ਓੜਕ ਤਯਾਰ ਬਰ ਤਯਾਰ ਹੋਕੇ ਸੌ ਕੁ ਜਵਾਨ ਕਿਲਿਓਂ ਬਾਹਰ ਨਿਕਲਿਆ, ਪਰ

ਵੈਰੀ ਇਨ੍ਹਾਂ ਨੂੰ ਤਾੜਕੇ ਹੁਮ ਹੁਮਾ ਕੇ ਆ ਪ
ਇਸ ਲਈ ਉਨ੍ਹਾਂ ਨੂੰ ਮੁੜ ਕਿਲੇ ਵਿਚ ਵਾਪਸ
ਜਾਣੇ ਦਾ ਹੁਕਮ ਹੋਇਆ ॥

ਹੁਣ ਉਸ ਗੜ੍ਹੀ ਵਿਚ ਘਿਰੇ ਹੋਏ ਖਾਲਸਾ
ਦੀ ਬਿਨਾ ਅਕਾਲਪੁਰਖ ਦੇ ਕੋਈ ਸਹਾਇਤਾਦੀ
ਉਮੈਦ ਨਹੀਂ, ਇਹ ਗਲ ਉਹ ਬੀ ਜਾਣਦੇ ਹਨ
ਕਿ ਕਿਸੇ ਟੁਟੇ ਹੋਏ ਜਹਾਜ਼ ਦੇ ਤਖਤੇ ਵਾਙ
ਵੈਰੀਆਂ ਦੇ ਦਲਰੂਪੀ ਸਮੁੰਦਰ ਵਿਚ ਘਿਰ ਗਏ
ਹਾਂ, ਅਰ ਸਾਡੀ ਕਿਸਮਤ ਦੇ ਜੰਦ੍ਰੇ ਹੁਣਵਜ ਚੁਕੇ
ਹਨ, ਇਸ ਬੇਰਹਮਸਮੁੰਦ੍ਰ ਦੀਆਂਤਲਵਾਰਾਂਰੂਪੀ
ਲਹਰਾਂ ਨਾਲ ਪਛੜੀਨਾ ਇਹ ਹੁਣ ਕਲਗੀਆਂ
ਵਾਲੇਦਾ ਭਾਣਾ ਹੈ। ਸਾਢੇ ਛੇ ਘੰਟੇ ਹੋ ਗਏ ਹਨ
ਕਿ ਇਕੋ ਆਦਮੀ ਇਕ ਥੋੜੇ ਕਿਲੇ ਨੂੰ ਖੂਨੀ
ਸੈਨਾ ਦੇ ਹਥੋਂ ਬਚਾ ਰਹੇ ਹਨ, ਅਰ ਅਜੇ ਤੀਕ
ਦਿਲ ਨੇ ਹਾਰ ਨਹੀਂ ਦਿਤੀ, ਪਰ ਹੁਣ ਕੋਈ ੨
ਸਾਥੀ ਬੀ ਬੰਦੂਕਾਂ ਦਾ ਨਿਸ਼ਾਨ ਹੋਕੇ ਫਤੇ ਗਜਾ-
ਉਣ ਲਗੇ। ਇਸ ਵੇਲੇ ਬਹਾਦਰਾਂਦੇ ਦਿਲ ਹੋਰ
ਕਰੜੇ ਤੇ ਜੋਸ਼ ਵਾਲੇ ਹੁੰਦੇ ਹਨ, ਜਿਕੁਰ ਸ਼ੇਰ
ਜਿਨਾ ਸਤਾਇਆ ਜਾਵੇ ਉਤਨਾ ਗੁਸੈਲ ਤੇ
ਮਰੈਲਾ ਹੁੰਦਾ ਜਾਂਦਾ ਹੈ। ਭਾਵੇਂ ਮੌਤ ਦੇ ਮੂੰਹਵਿਚ
ਅੜੇ ਖੜੇ ਹਨ, ਭਾਵੇਂ ਸਾਥੀ ਤੁਰੇ ਜਾ ਰਹੇ ਹਨ,

ਭਾਵੇਂ ਵੈਰੀ ਲਾਲਚ ਦਿੰਦਾ ਹੈ ਤੇ ਕਿਲਾ ਲੈਕੇ ਜਾਨ ਬਖਸ਼ੀ ਕਰਦਾ ਹੈ ਪਰ ਜਿਨ੍ਹਾਂ ਹਿਰਦਿਆਂ ਵਿਚ ਗੁਰੂ ਗੋਬਿੰਦ ਸਿੰਘ ਜੀਦੀ ਪ੍ਰੀਤ ਸਮਾਈਹੈ ਉਹ ਕੀ ਜਾਣਨ ਕਿ ਹਾਰ ਕੀ ਹੁੰਦੀ ਹੈ। ਲੋਕੀ ਕੈਹਦੇ ਹਨ ਕਿ ਸਿਖ ਅਨਪੜ੍ਹ ਹਨ. ਅਰ ਹੈ ਭੀ ਸਚ, ਕਿਉਂਕਿ ਏਹ ਜੁਧ ਦੇ ਪੁਤਲੇ,ਤਿੰਨਾਂ ਪਦਾਂ ਦਾ ਅਰਥ ਨਹੀਂ ਜਾਣਦੇ, ਹਾਰ, ਭਾਂਜ,ਤੇ ਸਰਣ ਲੈਣੀ। ਇਨ੍ਹਾਂ ਦੇ ਸੰਸਾਰਕ ਵਿਹਾਰਕ ਵਿਦਜਾ ਨਾਲ ਨਾ ਵਿੰਨੇ ਹ੍ਰਿਦੇਇਕੋ ਸਤਰ, ਪੜ੍ਹੇ ਹੋਏ ਹਨ 'ਉਹ ਜਾਣੇ' ਜਿੰਦ ਦਾ ਕੀ ਹੈ ? ਜਦ ਖਾਲਸਾ ਬਣਿਆ ਅਜ ਤਕ ਖਾਲਸੇ ਨੇ ਇਕੋ ਸਬਕ ਪਕਾਇਆ ਹੈ 'ਮਾਰ ਲਓ ਜਾਂ ਮਾਰ ਜਾਓ' ਤਦੇ ਜਗਤ ਗੁਰੂ ਕਲਗੀਆਂ ਵਾਲੇ ਨੇ ਕਿਹਾ ਸੀ, 'ਸਵਾ ਲਾਖ ਸੰਗ ਏਕ ਲੜਾਊਂ ਤਬੈ ਗੋਬਿੰਦ ਸਿੰਘ ਨਾਮ ਕਹਾਊ"।

ਦੇਖੋ ਖਾਲਸਾ ਜੀ ਦੀ ਏਥੇ ਹੁਣ ਗਿਣਤੀ ਬੀ ਘਟ ਗਈ, ਗਿਣਤੀ ਦੇ ਘਾਟੇ ਨੇ ਕਿਸੇਨੂੰ ਚਿੰਤਾ ਵਿਚ ਨਹੀਂ ਪਾਇਆ, ਧੰਨ ਗੁਰੂ ਧੰਨ ਗੁਰੂ ਕਰਦੇ ਹਨ ਸਤਿ ਸ੍ਰੀ ਅਕਾਲ ਗਜਾਉਂਦੇ ਹਨ ਅਰ ਮਾਰਟੀਨੀਆਂ* ਦੀ ਬੁਛਾੜ ਪੁਰ

---

* ਹੈਨਰੀ ਮਾਰਟਨ ਦੀਆਂ ਬੰਦੂਕਾਂ।

ਬੁਛਾੜ ਮਾਰਕੇ ਵੈਰੀਆਂ ਦੇ ਸੀਨੇ ਵਿੰਨ ਰਹੇ ਹਨ। ਇਨ੍ਹਾਂ ਦੇ ਇਸ ਹੌਸਲੇ ਅਰ ਐਸੇ ਟਾਕਰੇ ਤੋਂ ਕਿ ਜਿਸਦੀ ਨਜ਼ੀਰ ਸਚ ਮੁਚ ਅੰਗ੍ਰੇ-ਜ਼ਾਂ ਤਕ ਨੂੰ ਨਹੀ ਲਭਦੀ, ਪਤਾ ਲਗਦਾ ਹੈ ਕਿ ਸ਼ਾਇਦ ਏਹ ਵੈਰੀ ਨੂੰ ਹੋਰ ਬਹੁਤ ਚਿਰ ਤੀਕਵ-ਖਤ ਪਾਈ ਰਖਦੇ, ਪਰ ਗੜ੍ਹੀ ਦੀ ਬਨਾਵਟ ਨੇ ਧੋਖਾ ਦਿਤਾ। ਇਸ ਦੇ ਇਕ ਰੁਖ ਐਸੀ ਭੈੜੀ ਬਨਾਵਟ ਸੀ ਕਿ ਪਠਾਂਨ ਉਥੇ ਲੁਕ ਗਏ, ਜੋਲ-ਲੜਾਈ ਵਿਚ ਰੁਝੇ ਹੋਏ ਖਾਲਸੇ ਦੀ ਨਜਰ ਤੋਂ ਉਹਲੇਸਨ, ਅਰ ਨਾ ਬੰਦੂਕ ਦੀ ਮਾਰ ਹੋ ਸਕਦੀ ਸੀ, ਇਨਾਂ ਦੁਹਾਂ ਪਠਾਨਾਂ ਨੇ ਕੰਧ ਵਿਚ ਛੇਕ ਕ-ਰਨਾ ਸ਼ੁਰੂ ਕਰ ਦਿਤਾ। ਇਹ ਸਾਰੀ ਕਾਰਰਵਾਈ ਗੁਲਿਸਤਾਂਨਦੇਕਿਲੇਉਤੋਂ ਸਾਡੇਸਪਾਹੀਆਂਨੇਸ਼ੀਸੇ ਨਾਲ ਅਖੀਂ ਡਿਠੀ। ਪਰਲੜਾਈਦੇਭੜਥੂ ਵਿਚ ਉਲਝੇ ਹੋਏ ਖਾਲਸਾ ਬਹਾਦਰਾਂ ਨੂੰ ਕੁਝ ਬਹੁਨਾ ਲਗਾ। ਜਦ ੨ ਵੈਰੀਕੁਹਾੜਿਆਂ ਨਾਲਦਰਵਾਜਾ ਤੋੜਨ ਨੂੰ ਪਏ, ਤਦ ਤਦ ਖਾਲਸੇ ਨੇ ਮਾਰੇ ਜਦ ਜਦ ਕੰਧਾਂ ਨੂੰ ਢਾਉਣ ਲਈ ਪਏ ਤਦ ਤਦ ਪ-ਟਕਾਹੇ। ਪਰ ਇਸਬੇਖਬਰੀਦਾਕੀਇਲਾਜਕਰਦੇ ਜਿਸਦੀ ਸੂਹ ਹੀਨਾਂ ਨਿਕਲੀਉਨ੍ਹਾਂਨੇ ਕੰਧ ਵਿਚੋਂ ਰਸਤਾ ਕਢਲਿਆ ਅਰ ਹੁਮ ਹੁਮਾ ਇਕ ਵਾਰਗੀ

ਹਲੇ ਤੇ ਹਲਾ ਕਰਕੇ ਉਸ ਰਸਤੇ ਅੰਦਰ ਆਣ ਧਸੇ, ਇਸੇ ਹਲਾ ਚਲੀ ਵਿਚ ਕੰਧਾਂ ਨੂੰ ਕਈ ਥਾਈਂ ਪੌੜੀਆਂ ਵੀ ਲਗ ਗਈਆਂ ਓਹ ਕਾਲੀਆਂ ਨੀ-ਲੀਆਂ ਵਰਦੀਆਂ ਵਾਲੇ ਵੈਰੀ ਮਖੀਆਂ ਵਾਂਙ ਮੁ-ਰੱਬੇ ਦੇ ਨੰਗੇ ਮਰਦਬਾਨ ਵਿਚ ਵੜਨ ਨੂੰ ਪਏ। ਇਸ ਵੇਲੇ ਗਿਣਤੀ ਦੇ ਬਹਾਦਰ ਖਾਲਸਾ ਜੁਆਨ ਜੋ ਬਾਕੀ ਰਹੇ ਗਏ ਸਨ, ਬੜੇ ਜੋਸ਼ ਨਾਲ ਲੜੇ, ਬਾਕੀ ਅਣਗਿਣਤ ਅੰਦਰ ਵੜਦਿਆਂ ਨੂੰ ਬੰਦੂਕਾਂ ਦਾ ਅੰਮ੍ਰਿਤ ਪਿਲਾਇਆ ਅਰ ਆਪਣੇ ਜਨਮ ਨੂੰ ਸਫਲ ਅਤੇ ਵੈਰੀਆਂ ਨੂੰ ਗਾਜੀ ਕੀਤਾ। ਚਾਰ ਚੁ-ਫੇਰੇ ਵਿਚਾਰੇ ਘੇਰੇ ਗਏ, ਅਰ ਹਥੋਂ ਹਥੀ ਸ਼ਹੀਦ ਹੋਣ ਲਗੇ, ਪਰ ਬਲੇ ਬਈ ਭੁਜੰਗੀਓ! ਖੰਡੇ ਦੇ ਅੰ-ਮ੍ਰਿਤ ਧਾਰੀਓ!। ਤੁਹਾਡਾ ਦਿਲ ਹੈ ਕਿ ਲੋਹਾ ਹੈ, ਨਹੀਂ ਲੋਹਾ ਨਹੀਂ, ਉਸ ਦਿਲ ਵਿਚ ਗੁਰੂ ਦੀ ਮੂਰਤ ਬੈਠੀ ਤੁਹਾਥੋਂ ਅਣਹੋਏ ਕੰਮ ਕਰਾ ਕਰੀ ਹੈ। ਜਖਮੀ ਹੁੰਦੇ ਹਨ ਫੇਰ ਨਹੀ ਟਲਦੇ, ਲਹੂ ਦੇ ਫੁਹਾਰੇ ਚਲ ਰਹੇ ਹਨ, ਸਰੀਰ ਛਾਨਣੀ ਬਨ ਰਹੇ ਹਨ, ਥਕਾਨ ਤੇ ਹੁਟਾਨ ਨੇ ਚੂਰ ਕਰ ਛਡਿਆ ਹੈ, ਪਰ ਹੌਸਲਾ ਪੈਰੋ ਪੈਰ ਸਤ ਸਵਾਇਆ ਹੈ। ਜਖਮੀ ਬਾਹਾਂ ਵਾਰਾਂਦੇ ਮੂੰਹ ਤੋੜ ਉਤਾਰ ਦੇਂਦੀਆਂ ਹਨ ਅਰ ਅਵੈੜੇ ਤੇ ਕਰੜੇ ਅਫਰੀਦੀਆਂ

ਨੂੰ ਦਸ ਰਹੀਆਂ ਹਨ ਕਿ ਥੋੜੇਹੋਕੇ ਵੀਹਜਾਰਾਂ ਦੇ ਮੂੰਹ ਮੋੜਨੇ ਬਹਾਦਰੀ ਹੈ, ਹਜਾਰਾਂ ਹੋਕੇ ਥੋੜਿਆਂ ਪਾਸੋਂ ਤਲਵਾਰ ਦੇ ਜੋਰ ਕਿਲਾ ਨਾ ਲੈ ਸਕਣਾ ਕਾਇਰਤਾ ਹੈ। ਪਠਾਨ ਬੀ ਹਰਾਨ ਹਨ ਕਿ ਇਹ ਲੋਕ ਕਿਸ ਮਿਟੀ ਦੇ ਘੜੇ ਹਨ, ਪੱਕ ਜਾਣਦੇ ਹਨ ਕਿ ਮੌਤ ਨੇ ਨਿਗਲ ਲਿਆ ਹੈ, ਪਰ ਸਰਨ ਨਹੀਂ ਮਨਦੇ, ਹਥਜਾਰ ਨਹੀਂ ਸੁਟਦੇ। ਉਨਾਂਦੇ ਸਸ਼ਤ੍ਰ ਖਾਲਸੇ ਨੂੰ ਐਉਂ ਲਗਦੇ ਹਨ ਜਿਕੂਰ ਕਿਸੇ ਪੱਥਰ ਪੁਰ ਤਲਵਾਰ। ਭੂਏਹੋਏ ੨ ਪਠਾਨ ਰਿਛ ਵਾਂਙ ਝਈਆਂ ਲੈ ਲੈ ਪੈਂਦੇ ਹਨ, ਪਰਕਦੀ ਨਾ ਹਾਰਨ ਵਾਲੇ ਰੋਹ ਚੜੇ ਸ਼ੇਰ ਵਾਂਙ ਸਿੰਘ ਪ-ਲਥਾਦੇਂ ਦੇਹਨ। ਓੜਕਅੰਤ ਆਗਿਆ। ਖਾਲਸੇ ਨੇ ਐਸੇ ਕਰੜੇ ਵੇਲੇ ਅਪਨੀਆਂ ਜਿੰਦਾਂ ਵਾਰਕੇ ਕੌਮ ਦੀ ਇਜਤ ਬਚਾ ਲਈ, ਪਰ ਬਚਾ ਲਈ ਇਕ ਸਿਖ ਘਾਇਲ ਹੋਇਆ ਮੰਜੇ ਪੁਰ ਪਿਆ ਸੀ, ਜਦ ਤੁਰਕ ਅੰਦਰ ਧਸੇ ਤਾਂ ਇਸਮਰਦੇਹੋਏ ਸ਼ੇਰ ਦੀ ਬਹਾਦਰੀ ਦੇਖੋ ਮੰਜੇ ਪਏ ਨੇ ਹੀ ਬੰਦੂਕ ਦੇ ਫਾਇਰ ਕੀਤੇ, ਚਾਰ ਅਫਰੀਦੀ ਮਾਰੇ, ਫੇਰ ਕੁਝ ਜਖਮੀ ਕੀਤੇ ਅਰ ਫੇਰ ਆਪ ਸੁਰ ਪੁਰ ਨੂੰ ਸਿਧਾਰਿਆ। ਏਹ ਸੂਰਮੇ ਦਾ ਅੰਤ ਵੇਲੇ ਦਾ ਦਾਨ ਸੀ, ਜੋ ਅਫਰੀਦੀਆਂ ਨੂੰ ਆਪਣੀ ਪਵਿਤ੍ਰ ਗੋਲੀ

ਦਾ ਸ਼ਿਕਾਰ ਬਣਾਇਆ। ਹੁਣ ਵੀ ਸਿੰਘ ਤਾਂ ਬ-
ੜੀ ਬੇਤਰਸੀਤੇ ਬੇਰਹਮੀਨਾਲ ਜੰਗਲੀਜਾਨਵਰਾਂ
ਦੀ ਤਰਾਂ ਕਟੇ ਜਾ ਚੁਕੇ ਹਨ। ਪਰ ਇਕਬਹਾਦਰ
ਬਾਕੀ ਹੈ ਜੋ ਅਜੇ ਗਾਰਦ ਦੇ ਕਮਰੇ ਦੀ ਰਾਖੀ
ਕਰਰਿਹਾਹੈ।ਬੰਦੂਕਇਸਨੂੰਨਹੀਂਵਜਦੀ ਤਲਵਾਰ
ਦੇ ਵਾਰ ਹੇਠ ਏਹ ਨਹੀਂ ਆਉਂਦਾਉਨਾਂ ਦੇਹਲੇ
ਨੂੰ ਇਹ ਕੁਝ ਨਹੀਂ ਸਮਝਦਾ। ਬੇਡਰ ਅਰ ਰੋਹ
ਵਿਚ ਮੱਤਾ ਖੜਾਹੈਅਰਹਦਵਾਣਿਆਂ ਵਾਂਙ (ਦੰਬੇ
ਖਾ ਖਾ ਪਲੇ ਹੋਏ) ਸਿਰਾਂ ਨੂੰ ਕਟ ਰਿਹਾ ਹੈ।
੨੧ ਪਠਾਂਨਇਕਲੇਨੇ ਮਾਰੇ! ਵਾਹ ਬਈ ਮਰਦ!
ਸ਼ਾਬਾਸ! ਆਪਣੇ ਸਾਰੇ ਸ਼ਹੀਦ ਹੋਏ ਭਰਾਵਾਂ ਦੀ
ਥਾਂ ਤੈਂ ਚੁਣ ਚੁਣ ਕੇ ਇਕ ਇਕ ਮਾਰ ਲਿਆ।
ਕਿਆ ਅਜੇ ਤੇਰਾ ਜੀ ਨਹੀਂ ਰਜਿਆ। ਨਹੀਂ
ਕਦੇ ਲਾਲਚੀ ਧਨ ਤੋਂ ਨਹੀਂ ਰਜਿਆ ਕਦੇ
ਸੂਰਾ ਬਹਾਦਰੀ ਨਾਲ ਸਤ੍ਰ ਸਿਧਾਰਨੋ ਨਹੀਂ
ਰਜਿਆ। ਪਠਾਣਾਂ ਦੇ ਹਵਾਸ ਗੁਮ ਹਨ, ਅਨੇਕਾਂ
ਹੀਲੇ ਕਰਦੇ ਹਨ ਪਰਇਕੱਲੇ ਨਾਲ ਵਾਹ ਨਹੀਂ
ਚਲਦੀ। ਦੇਖੋ ਇਕਲਾ ਹਜਾਰਾਂ ਨਾਲ ਲੜ ਰਿ-
ਹਾ ਹੈ। ਵੀਹ ਸਾਥੀ ਚੜ ਚੁਕੇ ਹਨ, ਕੋਈ ਯਾਰ
ਨਹੀਂ ਮਦਦ ਗਾਰ ਨਹੀਂ।

ਗੜ੍ਹੀਵਿਚੋਂਆਂਤੇ ਲੋਥਾਂ ਨਾਲਭਰਗਈਹੈ।ਅਰ

ਹਜਾਰਾਂ ਦਾ ਘੇਰਾ ਹੈ, ਪਰ ਸਿਘਜੀਦੇ ਭਾਣੇ ਕੁਝ ਗਲ ਹੀ ਨਹੀਂ, ਆਪਣੇ ਪਹਰੇ ਖੜੇ ਮਰਦਾਂ ਦੇ ਮਰਦਾਨ ਖਾਲਸਈ ਸ਼ਸਤ੍ਰਾਂ ਦੇ ਜੌਹਰ ਦਿਖਾ ਰਹੇ ਹਨ। ਦੇਖੋ ਸੀਜ਼ਰ ਜੈਸਾ ਜੋਧਾ ਪਾਤਸ਼ਾਹ ਪੰਜਾਂ ਸਤਾਂ ਵਿਚ ਆਕੇ ਹੀ ਜਿੰਦਦੇ ਬੈਠਾ। ਕਲ-ਗੀਆਂ ਵਾਲੇ ਦਾ ਇਕ ਸਿਪਾਹੀ ਹਜਾਰਾਂਦਾ ਮੂੰਹ ਭੰਨ ਰਿਹਾ ਹੈ। ਉਸਦੇ ਜੀ ਵਿਚ ਕੀਹੈ ਕਿ ਇਕ ਇਕ ਭਰਾ ਦੀ ਥਾਂ ਇਕ ਇਕਤੁਰਕਮੈਂ ਮਾਰਿਆ ਆਪਣੀ ਥਾਂ ਥੀਮਰਨ ਤੋਂਪਹਲਾ ਇਕਹੋਰ ਮਾਰ ਲਵਾਂ। ਜੋ ਰਾਸ ਤਾਂ ਪੂਰੀ ਮੈਂ ਕਰਲਵਾਂਤੇ ਜਿੰਨੇ ਤੁਰਕ ਮੇਰੇ ਭਰਾ ਮਾਰ ਗਏ ਹਨ ਸੋ ਨਫੇ ਵਿਚ ਰਹਣ। ਉਹ ਨ ਹੋਵੇ ਜੋ ਜਗਤ ਕਹੇ ਕਿ ਘਾਟੇ ਵੰਦਾ ਸੌਦਾ ਕਰ ਗਏ ਹੁਣ ਤੁਰਕ ਜੋ ਹਲੇ ਤੇ ਹਲਾ ਕਰ ਰਹੇ ਸਨ ਫੇਰ ਹਲਾ ਕਰਕੇ ਪਏ। ਫੇਰ ਵੀ ਖਾਲਸਈ ਦ੍ਰਿੜਤਾ ਨੇ ਮੂੰਹ ਭੰਨਿਆ ਹੀਭੰਨਿ ਆ, ਅਰਇਕ ਨਾਮੀ ਜੋਧਾ ਮੌਤ ਦੀ ਘਾਟੇ ਉਤ-ਰਿਆ। ੨੧ ਪੂਰੇ ਹੋ ਗਏ। ਹੁਣ ਵੈਰੀਨੇ ਉਸਨੂੰ ਬਹਾਦਰੀ ਨਾਲ ਮਾਰਨਾ ਅਸੰਭਵਜਾਣਕੇ ਤੇ ਹੋਰ ਕੋਈ ਆਪਣੀ ਵਾਹ ਨਾ ਲਗਦੀ ਦੇਖਕੇ ਇਕਲੇ ਦੀ ਬਹਾਦਰੀ ਅਗੇ ਬੇਬਸ ਹੋਕੇ ਗਾਰਦ ਦੇਕਮਰੇ ਨੂੰ ਅਗ ਲਾ ਦਿਤੀ। ਬਹਾਦਰ, ਬਹਾਦਰਾਂ ਦਾ ਬ-

ਹਾਦਰ ਵੈਰੀਆਂ ਨੂੰ ਮਾਰਦਾ ਜੀਉਂਦਾ ਹੀ ਅਗਨੀ ਵਿਚ ਰੋਹਦਾ ਭੁਰਿਆ ਤੇ ਵਾਰ ਕਰਦਾ ਹੋਇਆ ਸੜ ਗਿਆ। ਪਰ ਪਜਾਰੇ ਧਰਮ ਅਰ ਆਪਨੇ ਫ-ਰਜ਼ ਤੇ ਮਾਲਕ ਦੀ ਨਿਮਕ ਹਲਾਲੀ ਨੂੰ ਦਾਗ ਨਹੀਂ ਲਗਨ ਦਿਤਾ। ਸਤ ਘੰਟੇ ਬੀ ਭਾਰੀ ਭਜਾਨਕ ਹੌਸਲੇ ਤੋੜ ਦੇਣ ਵਾਲੀ ਲੜਾਈ ਤੇ ਵਢ ਟੁਕ ਦੇ ਮਗਰੋਂ ਗੜ੍ਹੀ ਵੈਰੀਆਂ ਨੂੰ ਹਥ ਤਾਂ ਲਗੀ। ਪਰ ਕਿਸ ਮੁਲ ਤੇ। ਬੜੇ ਮਹਿੰਗੇ। ਦੋ ਸੌ ਦਾ ਮਰਨ ਅਰ ਅਣਗਿਣਤਾਂ ਦਾ ਜਖਮੀ ਹੋਣਾ, ਏਹ ਗਲ ਅਫਰੀਦੀ ਆਪ ਮੰਨਦੇ ਸਨ। ਅਸਲ ਵਿਚ ਇਸ ਨਾਲੋਂ ਵਧੀਕ ਗਾਜਰਾਂ ਖਾਲਸੇ ਨੇ ਵਢੀਆਂ ਅਰ ਘਾਇਲ ਕੀਤੀਆਂ ਸਨ।

ਹੁਣ ਉਨਾਂ ਪਠਾਨਾਂ ਨੇ ਜਿਨਾਂ ਨੂੰ (ਪਠਾਂਨ ਰੀ-ਵਾਲਵ) ਵਿਚ ਭੂਤ ਕਰਕੇ ਲਿਖਿਆ ਹੈ ਸਿਖਾਂ ਦੀਆਂ ਦੇਹੀਆਂ ਨਾਲ ਵੈਰ ਲੀਤਾ ਮੁਰਦਾ ਲੋਥਾਂ ਦੇ ਹਥ ਪੈਰ ਵਢ ਅਰ ਐਸੇ ਬੁਰੇਹਾਲ ਕੀਤੇ ਕਿ ਲਿਖ ਦਿਆਂ ਸ਼ਰਮ ਆਉਂਦੀ ਹੈ। ਕਿਲੇ ਨੂੰ ਢਾਹਕੇ ਮਿਟੀ ਨਾਲ ਮਿਲਾਇਆ ਜੋ ਹਥ ਲਗਾ ਸੋ ਲੁਟਿਆ। ਅਰ ਫੇਰ ਗੁਲਿਸਤਾਨ ਵਲ ਜਾ ਸ਼ੋਰ ਸ਼ਰਾਬਾ ਪਾਇਆ।

ਪਠਾਨ ਰੀਵਾਲਵ ਵਿਚ ਇਸ ਕਾਰ ਲਿਖਿਆ ਹੈ

ਇਸ ਬਿਧ ਸੂਰ ਬੀਰਾਂਦਾ ਜਥਾ ਅੰਤ ਤੀਕ ਨਿਮਕ ਹਲਾਲੀ ਵਿਚ ਪਕਾ ਤੇ ਸਾਬਤ ਕਦਮ ਚੜ੍ਹਗਿਆ।ਜਿਸ ਸਰਕਾਰਦਾ ਉਨ੍ਹਾਂਨੇਲੂਣ ਖਾਧਾ ਸੀ। ਅਜਿਹੇ ਕੰਮ ਹੋਵਨਾਂ ਵਡਿਆਈਆਂ ਨਾਲੋਂ ਬਹੁਤ ਉਚੇਰੇ ਹੁੰਦੇ ਹਨ।

ਖਾਲਸਾ ਕੌਮ ਅਪਨੇ ਪੁਤ੍ਰਾਂ ਦਾ ਯੋਗ ਫਖਰ ਕਰ ਸਕਦੀ ਹੈ। ਅਰਇੰਗਲੈਂਡਉਨ੍ਹਾਂ ਬਹਾਦਰਾਂ ਦਾ ਜੋ ਦੂਰ ਦੇਸਾਂ ਵਿਚ ਉਸਲਈ ਲੜਦੇ ਅਰ ਸ਼ਹੀਦ ਹੁੰਦੇ ਹਨ॥

ਇਤਿ

MG-2672